ਬੱਚਿਆਂ ਲਈ ਬਾਈਬਲ
ਉਪੱਸਥਿਤ

# ਹਿਜ਼ਕੀਏਲ: ਦਰਸ਼ਨਾਂ ਦਾ ਮਨੁੱਖ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਬਹੁਤ ਸਮਾਂ ਪਹਿਲਾਂ, ਤਾਕਤਵਰ ਸੈਨਾਂ ਨੇ ਯਹੂਦਾ ਤੇ
ਹਮਲਾ ਕੀਤਾ, ਪਰਮੇਸ਼ਵਰ ਦੇ ਬਹੁਤ ਸਾਰੇ ਮਨੁੱਖਾਂ ਨੂੰ
ਬੰਦੀ ਬਣਾਂ ਕੇ ਬੇਬੀਲੋਨ ਨੂੰ
ਲੈ ਗਏ। ਘਰ ਤੋਂ ਦੂਰ,
ਇਹ ਯਹੂਦੀ।

ਇੱਕ ਦਿਨ, ਪਰਮੇਸ਼ਵਰ ਨੇ ਹਿਜ਼ਕੀਏਲ ਨੂੰ ਦਰਸ਼ਣ ਦਿੱਤਾ। ਪਰਮੇਸ਼ਵਰ ਦੀ ਮਹਿਮਾਂ ਚਮਕਦੇ ਹੋਏ ਚਾਨਣ ਦੇ ਵਾਗੂੰ ਪ੍ਰਗਟ ਹੋਈ, ਇਹ ਅੱਗ ਦੇ ਰੂਪ ਵਿੱਚ ਚਾਰ ਜੀਉਂਦੇ ਜੰਤੂ ਸਨ। ਸਾਰਿਆਂ ਦੇ ਚਾਰ ਖੰਭ ਅਤੇ ਚਾਰ ਚੇਹਰੇ ਸਨ।



ਉਹਨਾਂ ਦੇ ਉੱਪਰ ਇਕ ਸੁੰਦਰ ਨੀਲ ਮਣੀ ਦਾ ਸਿਹਾਸਣ, ਉਹ ਇੱਕ ਸਤਰੰਗੀ ਪੀਘ ਦੇ ਵਾਂਗਰ ਚਾਨਣ ਦੇ ਨਾਲ ਭਰਿਆ ਹੋਇਆ ਸੀ। ਜਦ ਹਿਜ਼ਕੀਏਲ ਨੇ ਇਹ ਵੇਖਿਆ, ਉਹ ਆਪਣੇ ਮੂੰਹ ਦੇ ਭਾਰ ਡਿੱਗ ਪਿਆ।



ਪਰਮੇਸ਼ਵਰ ਹਿਜ਼ਕੀਏਲ ਨੂੰ ਬੋਲਿਆ।
“ਮੈਂ ਤੈਨੂੰ ਇਸਰਾਏਲ ਦੇ ਬੱਚਿਆ
ਕੋਲ ਭੇਜ ਰਿਹਾ ਹਾਂ। ਮੇਰੇ ਸ਼ਬਦ
ਉਹਨਾਂ ਨੂੰ ਕਹਿਦੇ, ਉਹ
ਅਣਆਗਿਆਕਾਰੀ
ਹਨ।”



ਇੱਕ
ਹੱਥ
ਦਿਖਾਈ ਦਿੱਤਾ, ਜਿਸ ਨੇ
ਇੱਕ ਕਿਤਾਬ ਫੜੀ ਸੀ।

"ਇਹ ਕਿਤਾਬ ਖਾ ਲੈ," ਪਰਮੇਸ਼ਵਰ ਨੇ ਆਖਿਆ, "ਅਤੇ ਜਾਹ, ਇਸਰਾਏਲ ਦੇ ਘਰਾਣੇ ਨੂੰ ਬੋਲ।" ਕਿੰਨੀ ਅਜੀਬ ਆਗਿਆ ਸੀ! ਪਰ ਹਿਜ਼ਕੀਏਲ ਨੇ ਮੰਨਿਆ, ਉਸ ਕਿਤਾਬ ਨੂੰ ਖਾ ਕੇ ਚਲਾ ਗਿਆ।



ਪਰਮੇਸ਼ਵਰ ਦੇ ਆਤਮਾਂ ਨੇ ਹਿਜ਼ਕੀਏਲ ਨੂੰ ਚੁੱਕਿਆ ਅਤੇ ਗੁਲਾਮ ਯਹੂਦੀਆਂ ਦੇ ਰਹਿਣ ਦੇ ਅਸਥਾਨ ਤੋਂ ਦੂਰ ਹੋਰ ਪਾਸੇ ਕਬਾਰ ਨਦੀ ਦੇ ਕੋਲ ਲੈ ਗਿਆ। ਸੱਤ ਦਿਨਾਂ ਲਈ ਉਹ ਉੱਥੇ ਹੀ ਬੈਠਾ ਰਿਹਾ ਜਿੱਥੇ ਉਹ ਬੈਠੇ ਸਨ, ...



... ਉਹ ਉਸ ਤੋਂ ਹੈਰਾਨ ਸੀ ਜੋ ਉਸ ਨੇ ਵੇਖਿਆ।

ਤਦ ਪਰਮੇਸ਼ਵਰ ਨੇ ਹਿਜ਼ਕੀਏਲ ਨੂੰ ਪਹਿਰੇਦਾਰ ਬਣਾ ਦਿੱਤਾ। ਉਹ ਦੁਸ਼ਟ ਲੋਕਾਂ ਨੂੰ ਚੇਤਾਵਨੀ ਦੇਣ ਲਈ ਸੀ ਕੀ ਪਰਮੇਸ਼ਵਰ ਦੇ ਅਣਅਗਿਆਕਾਰੀ ਨਾ ਹੋਣ।






ਹਿਜ਼ਕੀਏਲ ਨੇ ਬਹੁਤ ਹੀ ਅਲੱਗ ਤਰੀਕੇ ਨਾਲ ਪਰਮੇਸ਼ਵਰ ਦਾ ਵਚਨ ਲੋਕਾਂ ਨੂੰ ਸਪੱਸ਼ਟਤਾ ਦੇ ਨਾਲ ਦੱਸਿਆ। ਉਸਨੇ ਇੱਕ ਮਿੱਟੀ ਦੀ ਟਾਈਲ ਤੇ ਯਰੂਸ਼ਲਮ ਦੀ ਤਸਵੀਰ ਬਣਾਈ।




ਸ਼ਾਇਦ ਲੋਕਾਂ ਨੇ ਉਸਦੇ ਮੋਢਿਆਂ ਤੇ ਵੇਖਿਆ
ਹੋਣਾ ਜਦ ਉਸਨੇ ਤਾਕਤਵਰ ਸੈਨਾ ਨੂੰ ਯਰੂਸ਼ਲਮ
ਦੇ ਚਾਰੇ ਪਾਸੇ ਬਣਾਇਆ ਸੀ। ਉਹ ਦਿਖਾ
ਰਿਹਾ ਸੀ ਕੀ ਪਰਮੇਸ਼ਵਰ ਦਾ ਪਵਿੱਤਰ
ਸ਼ਹਿਰ ਜਲਦ ਹੀ ਬਰਬਾਦ ਹੋ ਜਾਵੇਗਾ।

ਇਸਰਾਏਲ, ਉੱਤਰੀ ਪਾਤਸ਼ਾਹੀ ਨੇ, ਤਿੰਨ ਸੌ ਨੱਬੇ ਸਾਲਾਂ (390) ਲਈ ਪਰਮੇਸ਼ਵਰ ਦੀ ਆਗਿਆ ਨਾ ਮੰਨੀ, ਅਤੇ ਯਹੂਦਾ, ਦੱਖਣੀ ਪਾਤਸ਼ਾਹੀ ਨੇ, ਚ੍ਹਾਲੀ ਸਾਲਾਂ ਲਈ। ਇਸ ਲਈ ਇਸਰਾਏਲ ਬਰਬਾਦ ਹੋਇਆ ਅਤੇ ਕਿਉਂ ਯਹੂਦਾ ਜਲਦੀ ...



... ਡਿੱਗ ਜਾਵੇਗਾ। ਪਰਮੇਸ਼ਵਰ ਨੇ ਹਿਜ਼ਕੀਏਲ ਨੂੰ ਆਖਿਆ ਕੀ ਤੂੰ ਤਿੰਨ ਸੌ ਨੱਬੇ ਦਿਨਾਂ ਲਈ (390) ਆਪਣੇ ਖੱਬੇ ਪਾਸੇ, ਤਦ ਆਪਣੇ ਸੱਜੇ ਪਾਸੇ ਚ੍ਹਾਲੀ ਦਿਨਾਂ (40) ਵਾਸਤੇ, ਲੋਕਾਂ ਨੂੰ ਉਹਨਾਂ ਦੇ ਪਾਪਾਂ ਦੇ ਸਾਲ ਯਾਦ ਕਰਵਾਉਣ ਲਈ ਲੇਟਿਆ ਰਹਿ।





ਸ਼ਾਇਦ ਲੋਕਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਹੋਣਾ ਕੀ ਹਿਜ਼ਕੀਏਲ ਬਹੁਤ ਹੀ ਅਜੀਬ ਮਨੁੱਖ ਸੀ। ਉਸਨੇ ਉਹ ਸਭ ਕੁਝ ਕੀਤਾ ਜੋ ਪਰਮੇਸ਼ਵਰ ਨੇ ਉਸ ਨੂੰ ਆਖਿਆ ਸੀ। ਇੱਕ ਦਿਨ, ਇੱਕ ਦਿਨ ਉਸ ਨੇ ਆਪਣੇ ਸਿਰ ਦੇ ਵਾਲਾਂ ਤੇ ਉਸਤਰਾ ਲਗਾਇਆ ...





... ਅਤੇ ਉਸਦਾ ਤੀਸਰਾ
ਹਿੱਸਾ ਸਾੜ ਦਿੱਤਾ। ਇਹ
ਉਸ ਨੂੰ ਵਿਖਾਉਣ ਲਈ ਸੀ ਕੀ
ਬੇਬੀਲੋਨ ਦੀ ਸੈਨਾਂ ਜਦ ਸ਼ਹਿਰ
ਉੱਤੇ ਹਮਲਾ ਕਰੇਗੀ ਤਦ
ਯਰੂਸ਼ਲਮ ਵਿੱਚ ਤਿੰਨ ਤਿਹਾਈ
ਲੋਕ ਬਿਮਾਰੀਆਂ ਨਾਲ ਅਤੇ
ਅਕਾਲ ਨਾਲ ਮਰ ਜਾਣਗੇ।



ਹਿਜ਼ਕੀਏਲ ਨੇ ਆਪਣੇ ਵਾਲਾਂ ਦਾ ਫਿਰ ਤੀਸਰਾ ਹਿੱਸਾ ਲਿਆ ਅਤੇ ਉਸਨੂੰ ਤਲਵਾਰ ਨਾਲ ਕੱਟ ਦਿੱਤਾ। ਇਹ ਦਰਸਾਉਣ ਲਈ ਸੀ ਕੀ ਇਹ ਤੀਸਰੇ ਹਿੱਸੇ ਦੇ ਲੋਕ ਦੁਸ਼ਮਣ ਦੀ ਤਲਵਾਰ ਨਾਲ ਮਾਰੇ ਜਾਣਗੇ।



ਆਖਰੀ ਤੀਸਰੇ ਹਿੱਸੇ ਨੂੰ ਹਿਜ਼ਕੀਏਲ ਨੇ ਹਵਾ ਵਿੱਚ ਉਡਾ ਦਿੱਤਾ। ਪਰ ਉਸਨੇ ਕੁਝ ਵਾਲ ਆਪਣੇ ਕੱਪੜੇ ਦੀ ਨੁੱਕਰ ਵਿੱਚ ਚਿੰਨ ਦੇ ਰੂਪ ਵਿੱਚ ਸਿਉਂ ਲਏ ਕੀ ਪਰਮੇਸ਼ਵਰ ਆਪਣੇ ਕੁਝ ਲੋਕਾਂ ਨੂੰ ਸੰਭਾਲੇਗਾ ਅਤੇ ਮੁੜ ਉਸ ਵਾਚਾ ਦੇ ਦੇਸ਼ ਵਿੱਚ ਵਾਪਸ ਲਿਆਵੇਗਾ।



ਇਸ ਸਾਹਸੀ ਨਬੀ ਨੇ ਬੰਦੀ ਯਹੂਦੀਆਂ ਨੂੰ ਦੱਸਿਆ ਪਰਸਿਥਤੀ ਬਹੁਤ ਖਰਾਬਹੋਵੇਗੀ, ਉਨੀਂ ਚੰਗੀ ਨਹੀ ਜਿੰਨੀ ਉਹ ਸੋਚਦੇ ਹਨ। ਲੋਕ ਹਿਜ਼ਕੀਏਲ ਨਾਲ ਗੁੱਸਾ ਹੋਏ, ਪਰ ਉਹ ਪਰਮੇਸ਼ਵਰ ਦਾ ਵਚਨ ਬੋਲਦਾ ਰਿਹਾ।



ਇੱਕ ਦਿਨ, ਜਦ ਉਹ ਇਸਰਾਏਲ
ਦੇ ਬਜ਼ੁਰਗਾਂ ਨਾਲ ਬੈਠਾ ਸੀ,
ਪਰਮੇਸ਼ਵਰ ਨੇ ਹਿਜ਼ਕੀਏਲ
ਨੂੰ ਇੱਕ ਦਰਸ਼ਣ ਦਿੱਤਾ।
ਦਰਸ਼ਣ ਵਿੱਚ, ਪਰਮੇਸ਼ਵਰ
ਨੇ ਉਸਨੂੰ ਉਸਦੇ ਵਾਲਾਂ
ਤੋਂ ਉਠਾਇਆ ਅਤੇ
ਉਸਨੂੰ ਯਰੂਸ਼ਲਮ ਦੇ
ਮੰਦਰ ਵਿੱਚ
ਲੈ ਗਿਆ।



ਮੰਦਰ ਵਿੱਚ, ਪਰਮੇਸ਼ਵਰ ਨੇ ਹਿਜ਼ਕੀਏਲ ਹੌਲੀ ਹੌਲੀ ਚੱਲਣ ਵਾਲੀਆ ਚੀਜਾਂ, ਗੰਦੇ ਜਾਨਵਰ ਅਤੇ ਮੂਰਤੀਆਂ ਵਿਖਾਈਆਂ। ਇਹਨਾਂ ਨੂੰ ਪਰਮੇਸ਼ਵਰ ਦੇ ਮੰਦਰ ਵਿੱਚ ਕਦੀ ਨਹੀ ਹੋਣਾ ਚਾਹੀਦਾ।



ਅਗੁਵੇ ਪਰਮੇਸ਼ਵਰ ਦੀ ਜੁਗਾ ਉਹਨਾਂ ਦੀ ਉਪਾਸਨਾ ਕਰ ਰਹੇ ਸੀ। ਪਰਮੇਸ਼ਵਰ ਨੇ ਹਿਜ਼ਕੀਏਲ ਨੂੰ ਇਹ ਵੀ ਵਿਖਾਇਆ ਕੀ ਪਰਮੇਸ਼ਵਰ ਦੀ ਮਹਿਮਾ ਮੰਦਰ



... ਨੂੰ ਛੱਡ ਰਹੀ ਸੀ ਅਤੇ ਉਹ ਬਰਬਾਦ ਹੋ ਜਾਵੇਗਾ। ਜਦ ਦਰਸ਼ਣ ਖਤਮ ਹੋ ਗਿਆ, ਹਿਜ਼ਕੀਏਲ ਨੇ ਯਹੂਦੀਆਂ ਨੂੰ ਉਸਦੇ ਬਾਰੇ ਦੱਸ ਦਿੱਤਾ।



ਜੋ ਕੁਝ ਪਰਮੇਸ਼ਵਰ ਨੇ ਕਿਹਾ ਸੱਚ ਹੋ ਗਿਆ।



ਯਰੂਸ਼ਲਮ ਬਰਬਾਦ ਹੋ ਗਿਆ ਸੀ। ਬਹੁਤ ਸਾਰੇ ਲੋਕ ਨਾਸ਼ ਹੋ ਗਏ। ਜੋ ਯਹੂਦੀ ਬੇਬੀਲੋਨ ਵਿੱਚ ਬੰਦੀ ਸਨ ਜਦ ਉਹਨਾਂ ਨੇ ਇਹ ਸੁਣਇਆ, ਉਹ ਹੈਰਾਨ ਹੋਏ ਜੇਕਰ ਪਰਮੇਸ਼ਵਰ ਨੇ ਆਪਣੇ ਲੋਕਾਂ ਨੂੰ ਹਮੇਸ਼ਾਂ ਲਈ ਛੱਡ ਦਿੱਤਾ।


ਪਰ ਪਰਮੇਸ਼ਵਰ ਨੇ ਅਲੱਗ
ਸੰਦੇਸ਼ ਆਪਣੇ ਨਬੀ ਨੂੰ ਦਿੱਤਾ।


ਉਹ ਹਿਜ਼ਕੀਏਲ ਨੂੰ ਸੁੱਕੀਆਂ ਹੱਡੀਆਂ ਦੀ ਜੁਗਾ ਤੇ ਲੈ ਗਿਆ
- ਮਨੁੱਖ
ਦੀਆਂ ਹੱਡੀਆਂ।

“ਕੀ ਮਨੁੱਖ ਦਾ ਪੁੱਤਰ ਇਹਨਾਂ ਸੁੱਕੀਆਂ ਹੱਡੀਆਂ ਵਿੱਚ ਜਾਨ ਪਾ ਸਕਦਾ ਹੈ?” ਪਰਮੇਸ਼ਵਰ ਨੇ ਹਿਜ਼ਕੀਏਲ ਨੂੰ ਪੁੱਛਿਆ। “ਹੇ ਮੇਰੇ ਪਰਮੇਸ਼ਵਰ, ਤੁਸੀਂ ਜਾਣਦੇ ਹੋ,” ਹਿਜ਼ਕੀਏਲ ਨੇ ਉੱਤਰ ਦਿੱਤਾ।



ਸੱਚ - ਮੁੱਚ ਸੁੱਕੀਆਂ ਹੱਡੀਆਂ ਦੁਬਾਰਾ ਜੀ ਨਹੀ ਸਕਦੀਆਂ। ਪਰਮੇਸ਼ਵਰ ਨੇ ਕਿਹਾ, "ਇਹਨਾਂ ਹੱਡੀਆਂ ਨੂੰ ਭਵਿੱਖਵਾਣੀ ਕਰ, ਅਤੇ ਕਹਿ 'ਹੇ ਸੁੱਕੀਊ ਹੱਡੀਉ, ਪਰਮੇਸ਼ਵਰ ਦਾ ਵਚਨ ਸੁਣੋ!



ਤੁਸੀ ਜਿੰਦਾ ਹੋ ਜਾਵੋਗੇ।’” ਉਸਦੇ ਆਗਿਆ ਕਰਨ ਤੋਂ ਬਾਅਦ, ਹਿਜ਼ਕੀਏਲ ਨੇ ਕੁਝ ਖੜਕਣ ਦੀ ਆਵਾਜ ਸੁਣੀ। ਤੁਸੀ ਇਸ ਦਾ ਕਾਰਨ ਕੀ ਸੋਚਦੇ ਹੋ?



ਜਦ ਨਬੀ ਨੇ ਉਸ ਅਦਭੁਤ ਨਜਾਰੇ ਨੂੰ ਵੇਖਿਆ,
ਸਰੀਰ ਹੱਡੀ ਹੱਡੀ ਕਰਕੇ ਇਕੱਠਾ ਹੋ ਗਿਆ।



ਤਦ, ਉਹ ਦੇ ਉੱਤੇ ਮਾਸ ਆਗਿਆ।



ਅਤੇ ਚਮੜੀ ਉਸਦੇ ਨਾਲ ਢੱਕ ਗਈ, ਪਰ ਉਸ ਦੇ ਵਿੱਚ ਸਾਹ ਨਹੀਂ ਸਨ।



ਪਰਮੇਸ਼ਵਰ ਨੇ ਕਿਹਾ, “ਮਨੁੱਖ ਦੇ ਪੁੱਤਰ
ਭਵਿੱਖਵਾਣੀ ਕਰ ਅਤੇ ਕਹਿ, ‘ਹੇ ਸਾਹ ਚਾਰੋਂ ਪਾਸੇ
ਦੀਆਂ ਹਵਾਵਾਂ ਵਿੱਚੋਂ ਆ। ਇਹਨਾਂ ਵਿੱਚ ਸਾਹ ਪਾ
ਤਾਂ ਜੋ ਇਹ ਜੀ ਸਕੇ।’”



ਜਦ ਹਿਜ਼ਕੀਏਲ ਨੇ ਕੀਤਾ, ਉਹਨਾਂ ਵਿੱਚ ਸਾਹ ਆ ਗਿਆ। ਉਹ ਜਿੰਦਾ ਹੋ ਗਏ ਅਤੇ ਉਹਨਾਂ ਦੇ ਪੈਰਾਂ ਤੇ ਖੜੇ ਹੋ ਗਏ। ਇੱਕ ਮਹਾਨ ਸੈਨਾਂ ਨੇ ਉਸ ਜਗਾ ਨੂੰ ਭਰ ਦਿੱਤਾ।



ਪਰਮੇਸ਼ਵਰ ਜਾਣ ਗਿਆ ਬੇਬੀਲੋਨ ਵਿੱਚ ਯਹੂਦੀਆਂ ਨੇ ਬਿਨਾਂ ਆਸ਼ਾ ਦੇ ਮਹਿਸੂਸ ਕੀਤਾ ਜਦ ਯਰੂਸ਼ਲਮ ਡਿੱਗ ਪਿਆ। ਉਸ ਨੇ ਹਿਜ਼ਕੀਏਲ ਦੇ ਦਰਸ਼ਣ ਦੇ ਦੁਆਰਾ ਸੰਦੇਸ਼ ਭੇਜਿਆ।



“ਇਹ ਸਾਰੀਆ ਹੱਡੀਆਂ ਇਸਰਾਏਲ ਦਾ ਘਰ ਹਨ,” ਪਰਮੇਸ਼ਵਰ ਨੇ ਕਿਹਾ। “ਮੈ ਆਪਣਾ ਆਤਮਾਂ ਤੁਹਾਡੇ ਵਿੱਚ ਪਾਵਾਂਗਾ, ਅਤੇ ਤੁਹਾਨੂੰ ਤੁਹਾਡੇ ਹੀ ਦੇਸ਼ ਵਿੱਚ ਰੱਖਾਂਗਾ।”



ਕਿੰਨਾ ਆਸ਼ਾ ਵਾਲਾ ਮਹਾਨ ਸੰਦੇਸ਼ ਪਰਮੇਸ਼ਵਰ ਵੱਲੋਂ ਸੀ ! ਜਦ ਯਹੂਦੀ ਬਾਅਦ ਵਿੱਚ ਆਪਣੇ ਦੇਸ਼ ਨੂੰ ਵਾਪਸ ਮੁੜੇ ਤਾਂ ਪਰਮੇਸ਼ਵਰ ਦੇ ਵਾਇਦੇ ਹਿਜ਼ਕੀਏਲ



ਦੇ ਦੁਆਰਾ ਪੂਰੇ ਹੋਏ।

ਉਹ ਜਾਣ ਗਏ ਪਰਮੇਸ਼ਵਰ ਨੇ ਉਹਨਾਂ ਨੂੰ ਘਰ ਲਿਆਂਦਾ ਹੈ। ਪਰਮੇਸ਼ਵਰ ਦਾ ਵਚਨ ਹਮੇਸ਼ਾ ਸੱਚ ਹੁੰਦਾ ਹੈ।



# ਹਿਜ਼ਕੀਏਲ: ਦਰਸ਼ਨਾਂ ਦਾ ਮਨੁੱਖ

ਇਹ ਕਹਾਣੀ ਪਰਮੇਸ਼ੵਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਹਿਜ਼ਕੀਏਲ ਦੀ ਕਿਤਾਬ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16